

# ਮਹਾਮਾਰੀ ਲਈ EBT

## ਸਕੂਲ ਸਾਲ 2020-21

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ ਜਾਣਕਾਰੀ

### 1. ਮਹਾਮਾਰੀ ਲਈ EBT ਪ੍ਰੋਗਰਾਮ (The Pandemic EBT program) ਕੀ ਹੈ?

ਜੇ ਸਕੂਲ ਵਿੱਚ ਆਕੇ ਪੜ੍ਹਾਈ ਕਰਨ ਦੀ ਘਾਟ ਲਈ ਨਹੀਂ ਹੈ ਜਾਂ ਸਕੂਲ ਸਾਲ 2020-21 ਦੌਰਾਨ ਸਕੂਲ ਬੰਦ ਕਰਨ ਕਰਕੇ ਹੈ, ਤਾਂ ਜਿਹੜੇ ਵਿਦਿਆਰਥੀਆਂ ਨੂੰ ਭੋਜਨ ਦੀ ਲਾਗਤ ਮਿਲੀ ਹੋਏਗੀ, ਦੀ ਥਾਂ ਮਹਾਮਾਰੀ ਲਈ EBT ਪ੍ਰੋਗਰਾਮ ਜਾਂ P-EBT ਯੋਗ ਵਿਦਿਆਰਥੀਆਂ ਨੂੰ ਭੋਜਨ ਲਾਭ ਮੁਹੱਈਆ ਕਰਦਾ ਹੈ। P-EBT ਯੋਗਤਾ ਸਬੰਧੀ ਜਾਣਕਾਰੀ ਲਈ ਕਿਰਪਾ ਕਰਕੇ ਸੁਆਲ 6 – 11 ਵੇਖੋ।

### 2. ਇਹ ਪਿਛਲੇ ਸਕੂਲ ਸਾਲ ਨਾਲੋਂ ਕਿਵੇਂ ਵੱਖਰੀ ਹੈ?

ਸਕੂਲ ਸਾਲ 2019-20 ਵਿੱਚ P-EBT ਪ੍ਰੋਗਰਾਮ ਨੇ ਮੂਲ ਤੌਰ 'ਤੇ ਮਾਰਚ, ਅਪ੍ਰੈਲ, ਮਈ ਅਤੇ ਜੂਨ 2020 ਦੇ ਮਹੀਨਿਆਂ ਲਈ ਸਕੂਲ ਦੀ ਉਮਰ ਦੇ ਯੋਗ ਬੱਚਿਆਂ ਨੂੰ ਭੋਜਨ ਲਾਭ ਮੁਹੱਈਆ ਕਰਾਇਆ ਸੀ। ਇਹਨਾਂ ਲਾਭਾਂ ਲਈ ਅਪਲਾਈ ਕਰਨ ਵਾਲੇ ਪਰਿਵਾਰ ਅਤੇ ਜੇ ਪੁਸ਼ਟੀਸ਼ੁਦਾ ਹੱਕਦਾਰ ਹਨ, ਤਾਂ ਉਹਨਾਂ ਨੂੰ ਕੁਐਸਟ EBT ਕਾਰਡ 'ਤੇ ਇੱਕ-ਮੁਸ਼ਤ ਤਰੀਕੇ ਨਾਲ ਜਾਰੀ ਕੀਤੇ ਗਏ ਮਿਆਰੀ ਲਾਭ ਦੀ ਰਕਮ ਮਿਲਦੀ ਹੈ।

ਵਾੱਸ਼ਿੰਗਟਨ ਸਟੇਟ ਨੂੰ ਬੱਚਿਆਂ ਦੇ P-EBT ਲਾਭ ਜਾਰੀ ਕਰਨ ਲਈ ਫ਼ੈਡਰਲ ਪ੍ਰਵਾਨਗੀ ਮਿਲੀ ਸੀ, ਕਿਉਂਕਿ ਸਕੂਲ ਸਾਲ 2020-21, ਸਿਤੰਬਰ 2020 ਤੋਂ ਜੂਨ 2021 ਤੱਕ ਲਈ ਸਕੂਲ ਬੰਦ ਹਨ। ਕੋਵਿਡ-19 ਪਬਲਿਕ ਸਿਹਤ ਐਮਰਜੈਂਸੀ ਦੌਰਾਨ, ਅਸੀਂ ਯੋਗਤਾ ਅਮਲ ਨੂੰ ਆੱਟੋਮੇਟਿਡ ਕੀਤਾ ਹੈ, ਤਾਂਜੋ ਇਹ ਸਹਾਇਤਾ ਹੋਰ ਲੋੜੀਂਦੇ ਪਰਿਵਾਰਾਂ ਨੂੰ ਮਿਲੇ। ਇਸਦਾ ਮਤਲਬ ਹੈ ਕਿ ਪਰਿਵਾਰਾਂ ਨੂੰ 2020-21 P-EBT ਪ੍ਰੋਗਰਾਮ ਲਈ ਅਪਲਾਈ ਨਹੀਂ ਕਰਨਾ ਪੈਣਾ।

### 3. ਮੇਰਾ ਬੱਚਾ ਬਾਲ-ਸੰਭਾਲ ਵਿੱਚ ਹੈ। ਕੀ ਸਾਨੂੰ P-EBT ਲਾਭ ਮਿਲ ਸਕਦੇ ਹਨ?

ਬਾਲ-ਸੰਭਾਲ ਵਿਚਲੇ ਬੱਚਿਆਂ ਨੂੰ ਅਕਤੂਬਰ 2020 ਤੋਂ ਸਿਤੰਬਰ 2021 ਤੱਕ P-EBT ਲਾਭ ਦੇਣ ਲਈ ਸਟੇਟਾਂ ਨੂੰ ਫ਼ੈਡਰਲ ਦੀ ਮੰਜ਼ੂਰੀ ਲਈ ਇੱਕ ਵੱਖਰਾ P-EBT ਪਲਾਨ ਤਿਆਰ ਕਰਨਾ ਅਤੇ ਜਮ੍ਹਾ ਜ਼ਰੂਰ ਕਰਨਾ ਚਾਹੀਦਾ ਹੈ। ਇਸ ਸਮੇਂ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ (The Department of Social and Health Services) ਬਾਲ-ਸੰਭਾਲ ਵਿਚਲੇ ਬੱਚਿਆਂ ਨੂੰ ਲਾਭ ਮੁਹੱਈਆ ਕਰਨ ਲਈ ਪਲਾਨ ਤਿਆਰ ਕਰ ਰਿਹਾ ਹੈ।

ਅਪਡੇਟ ਕੀਤੀ ਗਈ ਜਾਣਕਾਰੀ ਲਈ ਪਰਿਵਾਰ, ਸਮੇਂ-ਸਮੇਂ ਸਿਰ www.dshs.wa.gov/PEBT 'ਤੇ ਇਹ ਵੇਖ ਸਕਦੇ ਹਨ।

### 4. ਜੇ ਮੈਨੂੰ P-EBT ਲਾਭ ਮਿਲਦੇ ਹਨ, ਤਾਂ ਕੀ ਮੇਰੇ ਇਮੀਗ੍ਰੇਸ਼ਨ ਦਰਜੇ ਤੇ ਅਸਰ ਪਏਗਾ ਜਾਂ ਪਬਲਿਕ ਚਾਰਜ ਦੇਣਾ ਪਏਗਾ?

ਨਹੀਂ। ਪਬਲਿਕ ਚਾਰਜ ਦਾ ਨੇਮ P-EBT ਲਾਭਾਂ 'ਤੇ ਲਾਗੂ ਨਹੀਂ ਹੁੰਦਾ ਅਤੇ P-EBT ਲਾਭਾਂ ਦਾ ਇਮੀਗ੍ਰੇਸ਼ਨ ਦਰਜੇ 'ਤੇ ਅਸਰ ਨਹੀਂ ਪਏਗਾ।

### 5. ਮੇਰੇ ਬੱਚੇ ਨੂੰ ਸਕੂਲ ਵਿੱਚ ਦੁਪਹਿਰ ਦਾ ਭੋਜਨ ਮਿਲਦਾ ਹੈ। ਕੀ ਮੈਂ ਫਿਰ ਵੀ P-EBT ਲਈ ਯੋਗ ਹੋ ਸਕਦਾ ਹਾਂ?

ਹਾਂ। P-EBT ਲਾਭ ਵਾਧੂ ਭੋਜਨ ਲਾਭ ਹਨ। ਭਾਵੇਂ ਬੱਚਿਆਂ ਨੂੰ P-EBT ਲਾਭ ਮਿਲ ਰਹੇ ਹਨ, ਪਰ ਉਹ ਸਕੂਲ ਜਾਂ ਭਾਈਚਾਰਕ ਥਾਵਾਂ ਜਾਂ ਭਾਈਚਾਰਕ ਥਾਵਾਂ 'ਤੇ ਕੋਵਿਡ-19 ਐਮਰਜੈਂਸੀ ਵਿੱਚ ਭੋਜਨ ਮੁਹੱਈਆ ਕਰਾਉਣ ਵਾਲੀਆਂ ਥਾਵਾਂ 'ਤੇ ਐਮਰਜੈਂਸੀ ਭੋਜਨ ਲਓ-ਤੇ-ਜਾਓ ਲੈਂਦੇ ਰਹਿ ਸਕਦੇ ਹਨ।

*ਇਹ ਸੰਸਥਾ ਬਰਾਬਰੀ ਦੇ ਮੌਕੇ ਦੇਣ ਵਾਲਾ ਪ੍ਰੋਵਾਈਡਰ ਹੈ।*

Washington State Department of Social & Health Services

*Transforming lives*

## P-EBT ਯੋਗਤਾ

### 6. P-EBT ਲਈ ਕੌਣ ਯੋਗ ਹੈ?

ਬੱਚੇ, ਜਿਹਨਾਂ ਦੀ ਆਮ ਕਰਕੇ ਨੈਸ਼ਨਲ ਸਕੂਲ ਲੰਚ ਪ੍ਰੋਗਰਾਮ ਜਾਂ NSLP ਅਤੇ ਸਕੂਲ ਬ੍ਰੇਕਫ਼ਾਸਟ ਪ੍ਰੋਗਰਾਮ ਜਾਂ SBP ਤੱਕ ਪਹੁੰਚ ਹੈ ਅਤੇ ਵਾਸ਼ਿੰਗਟਨ ਸਟੇਟ ਵਿੱਚ ਸਕੂਲ ਵਿੱਚ ਰਜਿਸਟਰਡ/ਨਾਂ ਦਰਜ ਹੈ ਕਿ:

- ਸਕੂਲ ਸਾਲ 2020-2021 ਦੌਰਾਨ ਕੋਵਿਡ-19 ਪਬਲਿਕ ਸਿਹਤ ਐਮਰਜੈਂਸੀ ਦੇ ਨਤੀਜੇ ਵਜੋਂ ਬੰਦ ਕੀਤੇ ਗਏ ਹਨ ਜਾਂ ਲਗਾਤਾਰ ਪੰਜ ਜਾਂ ਵੱਧ ਦਿਨਾਂ ਲਈ ਹਾਜ਼ਰੀ ਘੱਟ ਕੀਤੀ ਹੈ ਅਤੇ
- ਪੁਸ਼ਟੀਸ਼ੁਦਾ ਬੱਚਾ ਮੁਫ਼ਤ ਜਾਂ ਘੱਟ ਕੀਤੀ ਗਈ ਕੀਮਤ ਵਾਲੇ ਸਕੂਲ ਦੇ ਭੋਜਨ ਦਾ ਹੱਕਦਾਰ ਹੈ।

### 7. ਜੇ ਮੇਰੇ ਬੱਚੇ ਭਾਈਚਾਰਕ ਯੋਗਤਾ ਜਾਂ ਬਿਨਾ ਲਾਗਤ ਵਾਲੇ ਸਵੇਰ ਦੇ ਨਾਸ਼ਤੇ ਅਤੇ ਦੁਪਹਿਰ ਦੇ ਭੋਜਨ ਤੱਕ ਪਹੁੰਚ ਕਰਨ ਲਈ ਪ੍ਰੋਵੀਜ਼ਨ 2 ਸਕੂਲਾਂ ਵਿੱਚ ਜਾਂਦੇ ਹਨ, ਤਾਂ ਕੀ ਉਹ P-EBT ਲਈ ਯੋਗ ਹਨ?

ਜੇ ਬੱਚਾ, ਜਿਸ ਸਕੂਲ ਵਿੱਚ ਜਾਂਦਾ, ਨੂੰ ਕੋਵਿਡ-19 ਕਰਕੇ ਸਕੂਲ ਵਿੱਚ ਆਕੇ ਪੜ੍ਹਾਈ ਕਰਨ ਵਾਲੇ ਬੱਚਿਆਂ ਦੀ ਤਦਾਦ ਘੱਟ ਕੀਤੀ ਗਈ ਹੈ, ਤਾਂ ਭਾਈਚਾਰਕ ਹੱਕਦਾਰੀ ਜਾਂ ਪ੍ਰੋਵੀਜ਼ਨ 2 ਸਕੂਲ ਵਿੱਚ ਜਾ ਰਹੇ ਸਾਰੇ ਬੱਚੇ P-EBT ਲਈ ਯੋਗ ਹੋ ਸਕਦੇ ਹਨ।

### 8. ਮੈਨੂੰ ਪਹਿਲਾਂ ਤੋਂ ਹੀ ਭੋਜਨ ਸਹਾਇਤਾ ਮਿਲਦੀ ਹੈ। ਕੀ ਮੈਂ P-EBT ਲਈ ਆਪਣੇ ਆਪ ਹੱਕਦਾਰ ਹੋ ਸਕਦਾ ਹਾਂ?

ਭੋਜਨ ਸਹਾਇਤਾ ਲੈਣ ਵਾਲੇ ਬਹੁਤੇ ਬੱਚਿਆਂ ਦੀ ਸਕੂਲ ਦੇ ਮੁਫ਼ਤ ਭੋਜਨਾਂ ਲਈ ਆਪਣੇ ਆਪ ਪੁਸ਼ਟੀ ਹੋ ਜਾਂਦੀ ਹੈ, ਪਰ ਉਹ P-EBT ਲਾਭਾਂ ਲਈ ਆਪਣੇ ਆਪ ਹੱਕਦਾਰ ਨਹੀਂ ਹੁੰਦੇ। P-EBT ਹੱਕਦਾਰੀ, ਜਿਸ ਸਕੂਲ ਵਿੱਚ ਬੱਚਾ ਜਾਂਦਾ ਹੈ ਅਤੇ ਉਹਨਾਂ ਦੇ ਪੜ੍ਹਾਈ ਦੇ ਮਾੱਡਲ 'ਤੇ ਨਿਰਭਰ ਕਰੇਗੀ। ਹੋਰ ਜਾਣਕਾਰੀ ਲਈ ਸੁਆਲ 22 ਵੇਖੋ।

### 9. ਮੇਰੇ ਪਰਿਵਾਰ ਨੂੰ ਭੋਜਨ ਸਹਾਇਤਾ ਵਿੱਚ $0 ਮਿਲਦੇ ਹਨ। ਕੀ ਮੈਂ P-EBT ਲਈ ਆਪਣੇ ਆਪ ਹੱਕਦਾਰ ਹੋ ਸਕਦਾ ਹਾਂ?

ਕੁਝ ਪਰਿਵਾਰਾਂ ਨੂੰ $0 ਭੋਜਨ ਲਾਭ ਰਕਮ ਮਿਲਦੀ ਹੈ ਅਤੇ ਹੋਰ ਸ੍ਰੋਤਾਂ ਲਈ ਪਹੁੰਚ ਵਾਸਤੇ ਉਹਨਾਂ ਦਾ ਕੇਸ ਖੁੱਲ੍ਹਾ ਰੱਖੋ। ਭੋਜਨ ਸਹਾਇਤਾ ਵਿੱਚ $0 ਮਿਲਣ ਵਾਲੇ ਪਰਿਵਾਰਾਂ ਦੀ ਸਕੂਲ ਦੇ ਮੁਫ਼ਤ ਭੋਜਨਾਂ ਲਈ ਆਪਣੇ ਆਪ ਪੁਸ਼ਟੀ ਨਹੀਂ ਹੁੰਦੀ ਅਤੇ ਉਹਨਾਂ ਨੂੰ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਕੇ ਮੁਫ਼ਤ ਜਾਂ ਘੱਟ ਕੀਤੀ ਗਈ ਕੀਮਤ ਵਾਲੇ ਭੋਜਨਾਂ ਲਈ ਜ਼ਰੂਰ ਅਪਲਾਈ ਕਰਨਾ ਚਾਹੀਦਾ ਹੈ।

### 10. ਮੇਰਾ ਬੱਚਾ ਘਰ ਵਿੱਚ ਹੀ ਪੜ੍ਹਦਾ ਹੈ। ਕੀ ਉਹ P-EBT ਲਈ ਹੱਕਦਾਰ ਹੈ?

ਨਹੀਂ। P-EBT ਸਿਰਫ਼ ਉਹਨਾਂ ਬੱਚਿਆਂ ਲਈ ਉਪਲਬਧ ਹੈ, ਜੋ ਸਕੂਲ ਵਿੱਚ ਰਜਿਸਟਰਡ ਹਨ ਅਤੇ ਸਕੂਲ ਵਿੱਚ ਪੜ੍ਹਾਈ ਸਬੰਧੀ ਸੇਵਾਵਾਂ ਲੈ ਰਹੇ ਹਨ ਅਤੇ ਜੇ ਸਕੂਲ ਬੰਦ ਨਹੀਂ ਸੀ ਜਾਂ ਹਾਜ਼ਰੀ ਘੱਟ ਕੀਤੀ ਗਈ ਸੀ, ਤਾਂ ਉਹਨਾਂ ਨੂੰ ਆਮ ਤੌਰ 'ਤੇ NSLP ਜਾਂ SBP ਰਾਹੀਂ ਮੁਫ਼ਤ ਜਾਂ ਘੱਟ ਕੀਤੀ ਗਈ ਕੀਮਤ ਵਾਲਾ ਭੋਜਨ ਮਿਲੇਗਾ।

### 11. ਮੈਂ ਕਿਵੇਂ ਪਤਾ ਲਾਵਾਂ ਕਿ ਮੇਰਾ ਬੱਚਾ P-EBT ਲਾਭਾਂ ਲਈ ਹੱਕਦਾਰ ਹੈ?

ਹੱਕਦਾਰ ਬੱਚਿਆਂ ਨੂੰ ਨੋਟਿਸ ਅਤੇ ਉਹਨਾਂ ਦੇ ਨਾਂ ਵਾਲਾ P-EBT ਕਾਰਡ ਮਿਲੇਗਾ। ਸਾਨੂੰ ਉਮੀਦ ਹੈ ਕਿ ਮਾਰਚ ਦੇ ਅਖ਼ੀਰ ਵਿੱਚ ਹੱਕਦਾਰ ਬੱਚਿਆਂ ਨੂੰ ਨੋਟਿਸ ਜਾਣੇ ਸ਼ੁਰੂ ਹੋ ਜਾਣਗੇ। ਉਸ ਤੋਂ ਛੇਤੀ ਬਾਅਦ P-EBT ਡਾਕ ਰਾਹੀਂ ਭੇਜੇ ਜਾਣਗੇ। ਪਰਿਵਾਰਾਂ ਨੂੰ ਆਪਣੇ ਕਾਰਡ ਰੱਖਣੇ ਚਾਹੀਦੇ ਹਨ, ਕਿਉਂਕਿ ਜੇ ਉਹਨਾਂ ਦਾ ਸਕੂਲ ਬੰਦ ਰਹਿੰਦਾ ਹੈ ਜਾਂ ਸਮਾਂ ਘਟਾਇਆ ਗਿਆ ਹੈ, ਤਾਂ ਬਾਅਦ ਵਿੱਚ ਹੋਰ ਲਾਭ ਜਮ੍ਹਾ ਕੀਤੇ ਜਾ ਸਕਦੇ ਹਨ।

### 12. P-EBT ਕਾਰਡ ਮਿਲਣ ਵਿੱਚ ਇੰਨੀ ਦੇਰ ਕਿਉਂ ਲੱਗੇਗੀ?

ਅਮਰੀਕੀ ਖੇਤੀਬਾੜੀ ਵਿਭਾਗ ਨੇ ਇਸ ਨੂੰ ਸਥਾਨਕ ਕਰਿਆਨੇ ਸਟੋਰ ਦੀ ਸਪਲਾਈ ਅਤੇ ਮੰਗ ਸਬੰਧੀ ਮੁੱਦਿਆਂ ਤੋਂ ਬਚਣ ਲਈ ਸਟੇਟਾਂ ਨੂੰ ਜਾਰੀ ਕਰਨ ਦੀ ਸਿਫ਼ਾਰਸ਼ ਕੀਤੀ ਹੈ।

## P-EBT ਲਾਭ ਲੈਣੇ

### 13. ਸਕੂਲ ਸਾਲ 2020-21 ਲਈ ਮੈਂ P-EBT ਲਾਭ ਕਿਵੇਂ ਲਵਾਂ?

ਇਸ ਸਕੂਲ ਸਾਲ ਲਈ ਹੱਕਦਾਰ ਪਰਿਵਾਰਾਂ ਨੂੰ P-EBT ਲਾਭ ਲੈਣ ਵਾਸਤੇ ਅਪਲਾਈ ਕਰਨ ਦੀ ਲੋੜ ਨਹੀਂ ਹੈ। ਔਨਲਾਈਨ ਅਪਲਾਈ ਕੀਤੇ ਬਿਨਾ ਪਰਿਵਾਰਾਂ ਲਈ ਹਰ ਬੱਚੇ ਨੂੰ ਸਿੱਧਿਆਂ ਡਾਕ ਰਾਹੀਂ P-EBT ਕਾਰਡ ਮਿਲੇਗਾ। ਹੱਕਦਾਰ ਪਰਿਵਾਰਾਂ ਲਈ ਹੋਰ ਜਾਣਕਾਰੀ ਵਾਸਤੇ ਸੁਆਲ 6 ਵੇਖੋ।

### 14. ਡਾਕ ਰਾਹੀਂ ਨਵਾਂ P-EBT ਕਾਰਡ ਕਿਸ ਪਤੇ 'ਤੇ ਭੇਜਿਆ ਜਾਏਗਾ?

P-EBT ਕਾਰਡ ਸਕੂਲ ਵਾਲੀ ਫ਼ਾਈਲ 'ਤੇ ਦਿੱਤੇ ਗਏ ਪਤੇ 'ਤੇ ਹੀ ਭੇਜੇ ਜਾਣਗੇ। ਆਪਣੇ ਡਾਕ ਮੌਜੂਦਾ ਪਤੇ ਨੂੰ ਯਕੀਨੀ ਬਣਾਉਣ ਲਈ ਆਪਣੇ ਸਕੂਲ ਨਾਲ ਸੰਪਰਕ ਕਰੋ।

ਮੌਜੂਦਾ ਪਤੇ ਨਾਲ ਸਕੂਲ ਦੇ ਭੋਜਨ ਦੀਆਂ ਅਰਜ਼ੀਆਂ ਜਮ੍ਹਾ ਕਰਨ ਵਾਲੇ ਪਰਿਵਾਰਾਂ ਨੂੰ ਸਕੂਲ ਵਿੱਚ ਦਿੱਤਾ ਗਿਆ ਆਪਣਾ ਪਤਾ ਵੀ ਅਪਡੇਟ ਕਰਨਾ ਚਾਹੀਦਾ ਹੈ। ਸਕੂਲ ਭੋਜਨ ਦੇ ਪ੍ਰਬੰਧ ਅਤੇ ਵਿਦਿਆਰਥੀ ਜਾਣਕਾਰੀ ਪ੍ਰਬੰਧ ਇੱਕੋ ਜਿਹੇ ਨਹੀਂ ਹੋ ਸਕਦੇ।

## P-EBT ਲਾਭ ਲੈਣੇ (ਜਾਰੀ)

### 15. ਕੀ ਮੇਰੇ ਲਾਭ ਸਕੂਲ ਸਾਲ ਸ਼ੁਰੂ ਹੋਣ ਦੀ ਪਿਛਲੀ ਤਾਰੀਖ਼ ਤੋਂ ਮਿਲਣਗੇ?

ਹਾਂ। ਜੇ ਬੱਚਾ ਪੁਸ਼ਟੀਸ਼ੁਦਾ ਹੱਕਦਾਰ ਹੈ, ਤਾਂ ਅਸੀਂ ਸਕੂਲ ਸਾਲ 2020-21 ਦੀ ਸ਼ੁਰੂਆਤ ਤੋਂ ਜਾਂ ਸਕੂਲ ਦੇ ਯੋਗ ਹੋਣ ਵਾਲੇ ਮਹੀਨੇ ਅਤੇ ਜਨਵਰੀ 2021 ਤੋਂ P-EBT ਲਾਭ ਜਾਰੀ ਕਰਾਂਗੇ। ਇਹਨਾਂ ਮਹੀਨਿਆਂ ਲਈ ਲਾਭ 2021 ਵਿੱਚ ਜਾਰੀ ਕੀਤੇ ਜਾਣਗੇ; ਹਾਲਾਂਕਿ ਪਰਿਵਾਰਾਂ ਨੂੰ ਉਹਨਾਂ ਦੇ ਕਾਰਡ ਅਪ੍ਰੈਲ ਦੇ ਅੰਤ ਤੱਕ ਨਹੀਂ ਮਿਲ ਸਕਦੇ। ਬੱਚਿਆਂ ਦੇ ਸਬੰਧਿਤ ਸਕੂਲ ਦੀ ਪੜ੍ਹਾਈ ਦੇ ਮਾਡਲਾਂ ਦੇ ਅਧਾਰ 'ਤੇ ਹਰ ਬੱਚੇ ਲਈ ਰਕਮਾਂ ਵੱਖ ਹੋ ਸਕਦੀਆਂ ਹਨ। ਫ਼ਰਵਰੀ ਤੋਂ ਸਕੂਲ ਸਾਲ ਦੇ ਅੰਤ ਤੱਕ ਲਾਭ ਹਰ ਦੂਜੇ ਮਹੀਨੇ ਜਾਰੀ ਕੀਤੇ ਜਾਣਗੇ।

### 16. ਡਾਕ ਰਾਹੀਂ ਨਵਾਂ P-EBT ਕਾਰਡ ਮਿਲਣ 'ਤੇ ਮੈਨੂੰ ਕੀ ਕਰਨਾ ਪੈਣਾ ਹੈ?

ਤੁਹਾਡੇ P-EBT ਕਾਰਡ ਨਾਲ ਆਈਆਂ ਹਿਦਾਇਤਾਂ ਦੀ ਪਾਲਣਾ ਕਰੋ ਅਤੇ ਆਪਣਾ ਸੁਰੱਖਿਅਤ ਨਿਜੀ ਪਛਾਣ ਨੰਬਰ ਜਾਂ ਪਿਨ ਬਣਾਓ। ਆਪਣਾ ਕਾਰਡ ਰੱਖੋ! ਜੇ ਤੁਹਾਡਾ ਸਕੂਲ ਦੂਰ-ਦੁਰਾਡੇ ਪੜ੍ਹਾਈ ਵਾਲੇ ਮਾਹੌਲ ਵਿੱਚ ਲੱਗਦਾ ਹੈ, ਉਸਨੇ ਕੋਵਿਡ-19 ਕਰਕੇ ਹਾਜ਼ਰੀ ਦੇ ਦਿਨ ਘਟਾ ਦਿੱਤੇ ਹਨ ਜਾਂ ਬੰਦ ਹੈ, ਤਾਂ ਅਸੀਂ ਤੁਹਾਡੇ ਕਾਰਡ ਵਿੱਚ ਹੋਰ ਲਾਭ ਜਮ੍ਹਾ ਕਰ ਸਕਦੇ ਹਾਂ।

### 17. ਕੀ ਮੈਨੂੰ ਆਪਣਾ P-EBT ਕਾਰਡ ਰੱਖਣਾ ਚਾਹੀਦਾ ਹੈ?

ਹਾਂ। ਸਾਲ ਵਿੱਚ ਚਿਰਕੇ ਜਿਹੇ ਵਾਧੂ ਲਾਭਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਕਾਰਡ ਸੁਰੱਖਿਅਤ ਥਾਂ ਵਿੱਚ ਰੱਖਣੇ ਚਾਹੀਦੇ ਹਨ।

### 18. ਮੇਰਾ ਕਾਰਡ ਖੁੰਝਣ ਜਾਂ ਇਸਦੇ ਖ਼ਰਾਬ ਹੋਣ ਕਰਕੇ ਜੇ ਮੈਂ ਆਪਣਾ P-EBT ਕਾਰਡ ਬਦਲਣਾ ਹੈ, ਤਾਂ ਕੀ ਕਰਾਂ?

888-328-9271 'ਤੇ EBT ਵੈਂਡਰ, FIS ਨੂੰ ਕਾੱਲ ਕਰਕੇ P-EBT ਕਾਰਡ ਬਦਲਣ ਦੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ। ਜੇ ਕਾਰਡ ਬਦਲਣ ਦੀ ਲੋੜ ਪੈਂਦੀ ਹੈ, ਤਾਂ ਪਰਿਵਾਰ www.ebtEdge.com 'ਤੇ ਜਾਂ ebtEdge app 'ਤੇ ਵੀ ਜਾ ਸਕਦੇ ਹਨ। P-EBT ਕਾਰਡ ਬਦਲਣ ਦੀ ਬੇਨਤੀ ਕਰਨ ਲਈ, ਤੁਹਾਨੂੰ ਹੇਠਾਂ ਦਿੱਤੀ ਜਾਣਕਾਰੀ ਦੀ ਲੋੜ ਪਏਗੀ: ਬੱਚੇ ਦਾ ਪੂਰਾ ਨਾਂ, ਜਨਮ-ਤਾਰੀਖ਼, ਜ਼ਿਪ ਕੋਡ ਅਤੇ ਸਕੂਲ ਵਲੋਂ ਉਪਲਬਧ ਕਰਾਏ ਗਏ ਅਨੁਸਾਰ ਪੂਰਾ ਪਤਾ।

ਡਾਕ ਰਾਹੀਂ ਬਦਲਣ ਵਾਲੇ ਕਾਰਡ ਲਈ ਸਿਸਟਮ ਵਿੱਚ ਕੀ ਹੈ, ਨਾਲ ਡਾਕ ਪਤਾ ਜ਼ਰੂਰ ਮਿਲਣਾ ਚਾਹੀਦਾ ਹੈ। ਕਿਰਪਾ ਕਰਕੇ ਆਪਣਾ ਕਾਰਡ ਪ੍ਰਾਪਤ ਕਰਨ ਲਈ ਸੱਤ ਤੋਂ 10 ਕਾਰੋਬਾਰੀ ਦਿਨਾਂ ਤੱਕ ਉਡੀਕ ਕਰੋ।

*ਜਦੋਂ ਤੁਹਾਡਾ ਪਤਾ EBT ਵੈਂਡਰ, FIS ਦੀ ਫ਼ਾਈਲ 'ਤੇ ਦਿੱਤੇ ਗਏ ਪਤੇ ਨਾਲ ਨਹੀਂ ਮਿਲਦਾ, ਬਾਰੇ ਹੋਰ ਜਾਣਕਾਰੀ ਲਈ ਸੁਆਲ 20 ਵੇਖੋ।*

### 19. ਕੀ ਮੈਂ ਇਹਨਾਂ ਲਾਭਾਂ ਨੂੰ ਆਪਣੇ ਮੌਜੂਦਾ ਭੋਜਨ ਸਬੰਧੀ EBT ਕਾਰਡ ਵਿੱਚ ਪਾ ਸਕਦਾ ਹਾਂ?

ਨਹੀਂ। P-EBT ਪ੍ਰੋਗਰਾਮ ਵਿਲੱਖਣ ਹੈ ਅਤੇ ਇਹ ਲਾਭ ਤੁਹਾਡੇ ਕੁਐਸਟ EBT ਕਾਰਡ 'ਤੇ ਉਪਲਬਧ ਭੋਜਨ ਜਾਂ ਨਗਦ ਹੋਰ ਲਾਭਾਂ ਤੋਂ ਵੱਖਰੇ ਹੁੰਦੇ ਹਨ।

### 20. ਮੇਰੇ ਬੱਚੇ ਨੂੰ ਨੋਟਿਸ ਜਾਂ P-EBT ਕਾਰਡ ਨਹੀਂ ਮਿਲਿਆ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਮਈ 2021 ਤੱਕ ਆਪਣਾ ਕਾਰਡ ਨਹੀਂ ਮਿਲਦਾ, ਤਾਂ 833-518-0282 'ਤੇ P-EBT ਸੰਪਰਕ ਸੈਂਟਰ ਨੂੰ ਕਾੱਲ ਕਰੋ।

### 21. ਸਾਨੂੰ ਇਹਨਾਂ ਲਾਭਾਂ ਦੀ ਲੋੜ ਨਹੀਂ ਹੈ। ਕੀ ਮੈਂ ਉਹਨਾਂ ਨੂੰ ਲੈਣ ਤੋਂ ਮਨ੍ਹਾ ਕਰ ਸਕਦਾ ਹਾਂ?

ਅਸੀਂ, ਆਪਣੇ ਪਰਿਵਾਰ ਲਈ ਲਾਭਾਂ ਦੀ ਵਰਤੋਂ ਕਰਨ ਅਤੇ ਸਥਾਨਕ ਆਰਥਕਤਾ ਨੂੰ ਹੁਲਾਰਾ ਦੇਣ ਵਿੱਚ ਮਦਦ ਕਰਨ ਵਾਸਤੇ P-EBT ਲਈ ਪੁਸ਼ਟੀਸ਼ੁਦਾ ਹੱਕਦਾਰ ਪਰਿਵਾਰਾਂ ਇੰਜ ਕਰਨ ਲਈ ਪ੍ਰੇਰਦੇ ਹਾਂ। ਲਾਭ ਟ੍ਰਾਂਸਫ਼ਰ ਨਹੀਂ ਕੀਤੇ ਜਾਂਦੇ ਅਤੇ ਇਹ ਤੋਹਫ਼ੇ ਜਾਂ ਦਾਨ ਵਜੋਂ ਨਹੀਂ ਦਿੱਤੇ ਜਾ ਸਕਦੇ। ਜੇ ਤੁਸੀਂ ਫਿਰ ਵੀ ਲਾਭ ਲੈਣ ਤੋਂ ਮਨ੍ਹਾ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਕਾਰਡ ਨਸ਼ਟ ਕਰ ਸਕਦੇ ਹੋ ਜਾਂ ਕਾਰਡ ਦੇ ਪਿਛਲੇ ਪਾਸੇ ਦਿੱਤੇ ਗਏ ਪਤੇ 'ਤੇ ਵਾਪਸ ਭੇਜ ਸਕਦੇ ਹੋ। ਵਰਤੋਂ ਨਾ ਕਰਨ ਦੇ 274 ਦਿਨਾਂ ਬਾਅਦ ਇਹ ਲਾਭ ਆਪਣੇ ਆਪ ਹਟ ਜਾਣਗੇ।



## P-EBT ਲਾਭ ਦੀਆਂ ਰਕਮਾਂ

### 22. ਮੈਨੂੰ ਕਿੰਨੇ P-EBT ਲਾਭ ਮਿਲਣਗੇ?

ਭੋਜਨ ਦਾ ਰੋਜ਼ ਦਾ ਬਜਟ $6.82 ਦੀ ਦਰ ਨਾਲ ਹੈ, ਜਿਸ ਵਿੱਚ ਦੁਪਹਿਰ ਦਾ ਭੋਜਨ, ਸਵੇਰ ਦਾ ਨਾਸ਼ਤਾ ਅਤੇ ਸਨੈਕ ਸ਼ਾਮਿਲ ਹੁੰਦਾ ਹੈ, ਇਸ ਸਕੂਲ ਸਾਲ 2020-21 ਲਈ ਹਰ ਮਹੀਨੇ ਸਕੂਲ ਲੱਗਣ ਦੇ ਔਸਤਨ 18 ਦਿਨਾਂ ਨਾਲ ਗੁਣਾ ਕੀਤਾ ਜਾਂਦਾ ਹੈ।

P-EBT ਲਾਭ ਦੀ ਰਕਮ ਹਰ ਵਿਦਿਆਰਥੀ ਦੀ ਪੜ੍ਹਾਈ ਦੀ ਸਥਿਤੀ ਅਤੇ ਇੱਥੋਂ ਤੱਕ ਕਿ ਪਰਿਵਾਰ ਦੇ ਅੰਦਰ ਵੀ ਵਿਦਿਆਰਥੀ ਤੋਂ ਵਿਦਿਆਰ ਦੇ ਅਧਾਰ 'ਤੇ ਵੱਖ ਹੋ ਸਕਦੀ ਹੈ।

ਸਕੂਲ ਹਰ ਮਹੀਨੇ ਦੀ ਬਹੁਤਾਤ ਦੇ ਹਿਸਾਬ ਨਾਲ ਜ਼ਿਆਦਾਤਰ ਵਿਦਿਆਰਥੀਆਂ ਲਈ ਉਹਨਾਂ ਦੀ ਪੜ੍ਹਾਈ ਦੇ ਮਾੱਡਲ ਬਾਰੇ ਦੱਸਣਗੇ। ਹਰ ਸਕੂਲ ਵਿਲੱਖਣ ਹੈ ਅਤੇ ਸਿਤੰਬਰ 2020 ਤੋਂ ਕਈ ਵਾਰੀ ਆਪਣੀ ਪੜ੍ਹਾਈ ਦੇ ਮਾੱਡਲ ਵਿੱਚ ਸੁਧਾਰ ਕਰ ਸਕਦੇ ਹਨ। ਇਸ ਕਰਕੇ ਹਰ ਬੱਚੇ ਨੂੰ ਲਾਭ ਦੀ ਵੱਖਰੀ ਰਕਮ ਮਿਲ ਸਕਦੀ ਹੈ। ਹੇਠਾਂ ਦਿੱਤਾ ਟੇਬਲ, ਪੜ੍ਹਾਈ ਦੇ ਮਾੱਡਲ ਦੇ ਅਧਾਰ 'ਤੇ ਲਾਭ ਦੇ ਵੱਖ-ਵੱਖ ਪੱਧਰ ਮੁਹੱਈਆ ਕਰਦਾ

| ਪੜ੍ਹਾਈ ਦਾ ਮਾੱਡਲ | ਹਿਸਾਬ-ਕਿਤਾਬ | ਡਾੱਲਰ ਵਿੱਚ ਰਕਮ ਹਰ ਮਹੀਨੇ। |
|---|---|---|
| ਦੂਰ-ਦੁਰਾਡੇ ਪੂਰੀ ਪੜ੍ਹਾਈ | $6.82 x 18 x 100% | $123 |
| ਖ਼ੁਦ ਇੱਕ ਦਿਨ | $6.82 x 18 x 80% | $99 |
| ਖ਼ੁਦ ਦੋ ਦਿਨ | $6.82 x 18 x 60% | $74 |
| ਖ਼ੁਦ ਤਿੰਨ ਦਿਨ | $6.82 x 18 x 40% | $50 |
| ਖ਼ੁਦ ਚਾਰ ਦਿਨ | $6.82 x 18 x 20% | $25 |

### 23. ਰਕਮ ਮੇਰੇ ਬੱਚੇ ਦੀ ਅਸਲ ਹਾਜ਼ਰੀ ਦੇ ਅਧਾਰ 'ਤੇ ਕਿਉਂ ਨਹੀਂ ਹੈ?

ਜ਼ਿਆਦਾਤਰ ਬੱਚਿਆਂ ਦੀ ਮਦਦ ਕਰਨ ਲਈ, ਅਸੀਂ ਸਟੇਟ ਭਰ ਵਿੱਚ ਬੱਚਿਆਂ ਨੂੰ ਦਿੱਤੀ ਜਾਂਦੀ ਮਿਆਰੀ ਰਕਮ ਲਾਗੂ ਕੀਤੀ ਹੈ। ਅਸੀਂ ਵਿਅਕਤੀਗਤ ਵਿਦਿਆਰਥੀ ਦੀ ਹਾਜ਼ਰੀ ਦੀ ਨਿਗਰਾਨੀ ਨਹੀਂ ਕਰ ਸਕਦੇ। ਅਸੀਂ ਸਕੂਲ ਵਲੋਂ ਦੱਸੇ ਗਏ ਅਨੁਸਾਰ ਬੱਚੇ ਦੇ ਸਕੂਲ ਵਿੱਚ ਪੜ੍ਹਾਈ ਦੇ ਮੁੱਖ ਮਾੱਡਲ ਦੀ ਵਰਤੋਂ ਕਰ ਰਹੇ ਹਾਂ।

### 24. ਕੀ P-EBT ਲਾਭ ਦੀ ਰਕਮ ਬਦਲੀ ਜਾਂ ਠੀਕ ਕੀਤੀ ਜਾ ਸਕਦੀ ਹੈ?

P-EBT ਦੀ ਰਕਮ ਹਰ ਮਹੀਨੇ ਲਈ ਸਮੁੱਚੇ ਸਕੂਲ ਲਈ ਪੜ੍ਹਾਈ ਦੇ ਮੁੱਖ ਮਾੱਡਲ ਵਜੋਂ ਸਕੂਲ ਨੇ ਕੀ ਦੱਸਿਆ ਹੈ, ਦੇ ਅਧਾਰ 'ਤੇ ਹੋਏਗੀ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਦੀ P-EBT ਦੀ ਰਕਮ ਵਿੱਚ ਗ਼ਲਤੀ ਹੋਈ ਹੈ, ਤਾਂ ਆਪਣੀ ਹੱਕਦਾਰੀ ਦਾ ਜਾਇਜ਼ਾ ਲੈਣ ਵਾਸਤੇ ਬੇਨਤੀ ਕਰਨ ਲਈ, ਤੁਸੀਂ 833-518-0282 'ਤੇ P-EBT ਸੰਪਰਕ ਸੈਂਟਰ ਨੂੰ ਕਾੱਲ ਕਰ ਸਕਦੇ ਹੋ।

### 25. ਕੀ ਹੋਰ P-EBT ਲਾਭ ਹੋਣਗੇ?

ਜੇ ਤੁਹਾਡੇ ਸਕੂਲ ਨੇ ਸਕੂਲ ਵਿੱਚ ਆਕੇ ਪੜ੍ਹਾਈ ਕਰਨ ਨੂੰ ਸੀਮਤ ਕੀਤਾ ਹੋਇਆ ਹੈ, ਤਾਂ ਫ਼ਰਵਰੀ ਤੋਂ ਲੈਕੇ ਸਕੂਲ ਸਾਲ ਖ਼ਤਮ ਹੋਣ ਲਈ ਹਰ ਦੂਜੇ ਮਹੀਨੇ ਲਾਭ ਜਾਰੀ ਕੀਤੇ ਜਾ ਸਕਦੇ ਹਨ। ਭਵਿੱਖ ਦੇ ਸਕੂਲ ਸਾਲ ਦੀ ਮਹਾਮਾਰੀ ਲਈ EBT ਲਾਭ ਸਪਸ਼ਟ ਨਹੀਂ ਹਨ। ਭਵਿੱਖ ਦੇ ਸੰਭਵ ਲਾਭਾਂ ਲਈ ਆਪਣਾ ਕਾਰਡ ਰੱਖਣਾ ਯਕੀਨੀ ਬਣਾਓ। ਵਾਧੂ ਵੇਰਵਿਆਂ ਲਈ ਕਿਰਪਾ ਕਰਕੇ www.dshs.wa.gov/pebt 'ਤੇ ਜਾਓ।

## P-EBT ਸੰਪਰਕ ਸੈਂਟਰ

### 26. P-EBT ਸੁਆਲਾਂ ਲਈ ਮੈਂ ਕਿਸ ਨੂੰ ਕਾੱਲ ਕਰਾਂ?

P-EBT ਹੱਕਦਾਰੀ ਸਬੰਧੀ ਸਾਰੇ ਸੁਆਲ 833-518-0282 'ਤੇ P-EBT ਸੰਪਰਕ ਸੈਂਟਰ ਨੂੰ ਭੇਜੇ ਜਾ ਸਕਦੇ ਹਨ।

### 27. ਆਪਣਾ ਪਿਨ ਬਣਾਉਣ ਲਈ ਮੈਂ ਕਿਸ ਨੂੰ ਕਾੱਲ ਕਰਾਂ?

ਤੁਹਾਨੂੰ ਆਪਣਾ ਕਾਰਡ ਮਿਲਦਿਆਂ ਸਾਰ ਹੀ, ਪਰਿਵਾਰ ਆਪਣਾ ਪਿਨ ਬਣਾਉਣ ਲਈ 888-328-9271 ਨੂੰ ਕਾੱਲ ਕਰ ਸਕਦੇ ਹਨ।

### 28. ਪਤੇ ਵਿੱਚ ਤਬਦੀਲੀ ਹੋਣ ਕਰਕੇ, ਜੇ ਮੈਨੂੰ ਆਪਣਾ P-EBT ਕਾਰਡ ਨਹੀਂ ਮਿਲਿਆ, ਤਾਂ ਮੈਂ ਕਿਸ ਨਾਲ ਸੰਪਰਕ ਕਰਾਂ?

ਪਤੇ ਵਿੱਚ ਤਬਦੀਲੀ ਬਾਰੇ ਮਦਦ ਲੈਣ ਲਈ ਪਰਿਵਾਰਾਂ ਨੂੰ 833-518-0282 'ਤੇ P-EBT ਸੰਪਰਕ ਸੈਂਟਰ ਨੂੰ ਕਾੱਲ ਕਰਨੀ ਚਾਹੀਦੀ ਹੈ।

## P-EBT ਲਾਭਾਂ ਦੀ ਵਰਤੋਂ ਕਰਨਾ

### 29. ਮੈਂ ਆਪਣੇ P-EBT ਲਾਭਾਂ ਦੀ ਵਰਤੋਂ ਕਿੱਥੇ ਕਰ ਸਕਦਾ ਹਾਂ ਅਤੇ ਮੈਂ ਉਹਨਾਂ ਨਾਲ ਕੀ ਖ਼ਰੀਦ ਸਕਦਾ ਹਾਂ?

ਆਪਣੇ P-EBT ਕਾਰਡ ਦੀ ਵਰਤੋਂ ਡੈਬਿਟ ਕਾਰਡ ਵਾਂਗ ਕਰੋ। ਆਪਣੇ P-EBT ਲਾਭਾਂ ਨਾਲ ਤੁਸੀਂ ਬਹੁਤਾ ਕਰਕੇ ਕਰਿਆਨੇ ਦੇ ਸਟੋਰਾਂ ਅਤੇ ਕਿਸਾਨ ਮੰਡੀਆਂ ਤੋਂ ਭੋਜਨ ਖ਼ਰੀਦ ਸਕਦੇ ਹੋ। ਤੁਸੀਂ EBT ਪ੍ਰਵਾਣ ਕਰਨ ਵਾਲੇ ਕਿਸੇ ਵੀ ਸਟੋਰ 'ਤੇ ਆਪਣੇ P-EBT ਲਾਭਾਂ ਦੀ ਵਰਤੋਂ ਕਰ ਸਕਦੇ ਹੋ, ਇਸ ਵਿੱਚ ਔਨਲਾਈਨ ਐਮੇਜ਼ੌਨ ਅਤੇ ਵਾੱਲਮਾਰਟ ਸ਼ਾਮਿਲ ਹਨ। ਬਹੁਤੇ ਰਿਟੇਲਰਾਂ ਨੇ EBT ਪ੍ਰਵਾਣ ਕੀਤੇ ਜਾਂਦੇ ਹਨ, ਵਾਲੇ ਸੰਕੇਤ ਲਾਏ ਹੁੰਦੇ ਹਨ।

P-EBT ਲਾਭਾਂ ਨੂੰ ਕੋਈ ਵੀ ਭੋਜਨ ਖ਼ਰੀਦਣ ਲਈ ਵਰਤਿਆ ਜਾ ਸਕਦਾ ਹੈ, ਉਸ ਨੂੰ SNAP EBT ਨਾਲ ਖ਼ਰੀਦਿਆ ਜਾ ਸਕਦਾ ਹੈ। ਬਹੁਤੇ ਭੋਜਨ EBT ਨਾਲ ਖ਼ਰੀਦੇ ਜਾ ਸਕਦੇ ਹਨ, ਪਰ ਤਿਆਰਸ਼ੁਦਾ ਅਤੇ ਵੇਚੇ ਜਾਣ ਵਾਲੇ ਗਰਮ ਭੋਜਨ ਛੱਡਕੇ। SNAP ਕੀ ਖ਼ਰੀਦ ਸਕਦਾ ਹੈ? 'ਤੇ ਜਾਕੇ ਤੁਸੀਂ ਯੋਗ EBT ਭੋਜਨਾਂ ਬਾਰੇ ਹੋਰ ਜਾਣ ਸਕਦੇ ਹੋ।

### 30. ਕੀ P-EBT ਨੂੰ SNAP ਮਾਰਕੀਟ ਮੈਚ (SNAP Market Match) ਲਈ ਵਰਤਿਆ ਜਾ ਸਕਦਾ ਹੈ?

ਹਾਂ। SNAP ਮਾਰਕੀਟ ਮੈਚ ਲੈਣ ਲਈ ਪਰਿਵਾਰ ਆਪਣੇ P-EBT ਦੀ ਵਰਤੋਂ ਕਰ ਸਕਦੇ ਹਨ। ਇਸ ਪ੍ਰੋਗਰਾਮ ਨਾਲ ਪਰਿਵਾਰ ਕਿਸਾਨ ਮੰਡੀਆਂ ਵਿੱਚ ਜਾਕੇ ਰਕਮ ਨਾਲੋਂ ਦੁਗੁਣਾ ਭੋਜਨ ਖ਼ਰੀਦ ਸਕਦੇ ਹਨ! DOH SNAP Market Match 'ਤੇ ਹੋਰ ਜਾਣੋ।

### 31. ਮੈਨੂੰ ਲਾਭ ਮਿਲਣ ਵੇਲੇ ਕੀ ਮੈਨੂੰ ਆਪਣੇ ਸਾਰੇ P-EBT ਲਾਭਾਂ ਦੀ ਵਰਤੋਂ ਕਰਨੀ ਪੈਣੀ ਹੈ?

ਨਹੀਂ। ਲਾਭ ਇੱਕ ਮਹੀਨੇ ਤੋਂ ਦੂਜੇ ਮਹੀਨੇ ਵਿੱਚ ਟ੍ਰਾਂਸਫ਼ਰ ਹੋ ਜਾਣਗੇ। ਕਾਰਡ ਜਾਰੀ ਹੋਣ ਦੀ ਤਾਰੀਖ਼ ਤੋਂ ਸ਼ੁਰੂ ਕਰਕੇ ਤੁਹਾਡੀ ਆਖ਼ਰੀ ਖ਼ਰੀਦਾਰੀ ਤੋਂ ਵੱਧ ਤੋਂ ਵੱਧ 274 ਦਿਨਾਂ ਲਈ ਤੁਹਾਡੇ P-EBT ਲਾਭ ਤੁਹਾਡੇ ਕਾਰਡ ਵਿੱਚ ਹੀ ਰਹਿਣਗੇ।

ਆਪਣਾ P-EBT ਕਾਰਡ ਨਾ ਸੁੱਟੋ। ਕੋਵਿਡ-19 ਪਬਲਿਕ ਸਿਹਤ ਐਮਰਜੈਂਸੀ ਲਾਗੂ ਰਹਿਣ ਤੱਕ, ਅਸੀਂ ਇਸ ਕਾਰਡ 'ਤੇ ਵਾਧੂ P-EBT ਲਾਭ ਜਾਰੀ ਕਰ ਸਕਦੇ ਹਾਂ।

### 32. ਕੀ ਮੈਨੂੰ ਆਪਣੇ P-EBT ਕਾਰਡ ਲਈ ਇੱਕ ਖ਼ਾਸ ਤਾਰੀਖ਼ ਤੱਕ ਆਪਣਾ ਪਿਨ ਬਣਾਉਣਾ ਪੈਣਾ ਹੈ?

ਨਹੀਂ। ਹਾਲਾਂਕਿ ਅਸੀਂ ਸਾਰੇ ਪਰਿਵਾਰਾਂ ਨੂੰ ਕਾਰਡ ਮਿਲਦਿਆਂ ਸਾਰ ਆਪਣਾ ਪਿਨ ਬਣਾਉਣ ਅਤੇ ਆਪਣੇ P-EBT ਲਾਭ ਲੈਣੇ ਸ਼ੁਰੂ ਕਰਨ ਲਈ ਪ੍ਰੇਰਦੇ ਹਾਂ, ਪਰ ਪਿਨ ਬਣਾਉਣ ਜਾਂ P-EBT ਕਾਰਡ ਚਾਲੂ ਕਰਨ ਲਈ ਕੋਈ ਤੈਅ ਅੰਤਮ-ਤਾਰੀਖ਼ ਨਹੀਂ ਹੈ।

### 33. ਮੈਂ ਆਪਣਾ ਬਕਾਇਆ ਕਿਵੇਂ ਵੇਖ ਸਕਦਾ ਹਾਂ?

ਤੁਸੀਂ ਬਕਾਇਆ ਵੇਖਣ ਲਈ 888-328-9271 (ਨੰਬਰ P-EBT ਕਾਰਡ ਦੇ ਪਿਛਲੇ ਪਾਸੇ ਦਿੱਤਾ ਗਿਆ ਹੈ) 'ਤੇ EBT ਵੈਂਡਰ, FIS ਨੂੰ ਕਾੱਲ ਕਰ ਸਕਦੇ ਹੋ ਜਾਂ www.ebtEdge.com 'ਤੇ ਜਾਓ ਜਾਂ ਆਪਣੇ ਸੈਲਫੋਨ 'ਤੇ ebtEdge ਐਪਲੀਕੇਸ਼ਨ ਡਾਉਨਲੋਡ ਕਰੋ।

### 34. ਕਿਸੇ ਨੇ ਮੇਰੇ ਲਾਭਾਂ ਦੀ ਵਰਤੋਂ ਕੀਤੀ ਹੈ। ਕੀ ਮੈਂ ਉਹਨਾਂ ਨੂੰ ਹਟਾ ਸਕਦਾ ਹਾਂ?

ਨਹੀਂ। ਅਸੀਂ ਖ਼ਰਚ ਕੀਤੇ ਗਏ ਕਿਸੇ ਵੀ ਲਾਭ ਦਾ ਮੁੱਲ ਵਾਪਸ ਨਹੀਂ ਕਰ ਸਕਦੇ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਅਜਿਹਾ ਸੁਰੱਖਿਅਤ ਪਿਨ ਚੁਣੋ, ਜੋ ਯਾਦ ਰੱਖਣ ਵਿੱਚ ਅਸਾਨ, ਪਰ ਆਮ ਤੌਰ 'ਤੇ ਨਾ ਵਰਤਿਆ ਜਾਂਦਾ ਹੋਵੇ।

ਆਪਣਾ ਕਾਰਡ ਰੱਦ ਕਰਨ ਅਤੇ ਨਵਾਂ ਕਾਰਡ ਬਣਾਉਣ ਦੀ ਬੇਨਤੀ ਕਰਨ ਲਈ, ਅਸੀਂ ਤੁਹਾਨੂੰ ਪ੍ਰੇਰਦੇ ਹਾਂ ਕਿ ਤੁਸੀਂ 888-328-9271 'ਤੇ EBT ਵੈਂਡਰ, FIS ਨਾਲ ਸੰਪਰਕ ਕਰੋ। ਜੇ ਤੁਹਾਨੂੰ ਧੋਖਾਧੜੀ ਦਾ ਸ਼ੱਕ ਹੈ, ਤਾਂ 800-562-6906 'ਤੇ ਵਾੱਸ਼ਿੰਗਟਨ ਸਟੇਟ ਵੈਲਫ਼ੇਅਰ ਫ਼੍ਰਾੱਡ ਹਾੱਟਲਾਈਨ (Washington State Welfare Fraud Hotline) ਨੂੰ ਕਾੱਲ ਕਰੋ।

## P-EBT ਬਾਰੇ ਹੋਰ ਜਾਣਕਾਰੀ

### 35. ਮੈਂ ਇਸ ਸਮੇਂ ਬੇਘਰ ਹਾਂ। ਮੈਂ ਆਪਣਾ P-EBT ਕਾਰਡ ਕਿਵੇਂ ਪ੍ਰਾਪਤ ਕਰਾਂ?

ਜੇ ਤੁਹਾਡਾ ਪਰਿਵਾਰ ਬੇਘਰ ਹੋਣ ਦਾ ਸਾਹਮਣਾ ਕਰ ਰਿਹਾ ਹੈ ਅਤੇ ਤੁਹਾਡਾ ਬੱਚਾ P-EBT ਲਈ ਹੱਕਦਾਰ ਹੈ, ਤਾਂ ਤੁਸੀਂ ਆਪਣਾ ਕਾਰਡ ਵੱਖਰੇ ਪਤੇ 'ਤੇ ਭੇਜਣ ਦੀ ਬੇਨਤੀ ਕਰ ਸਕਦੇ ਹੋ, ਜਿੱਥੇ ਤੁਸੀਂ (ਆਪਣੇ ਬੱਚੇ ਦਾ ਸਕੂਲ) ਪਹੁੰਚ ਕਰ ਸਕਦੇ ਹੋ। P-EBT ਕਾਰਡ ਲੈਣ ਲਈ ਜ਼ਰੂਰੀ ਪ੍ਰਬੰਧ ਕਰਨ ਵਾਸਤੇ ਆਪਣੇ ਸਕੂਲ ਨੂੰ ਕਾੱਲ ਕਰੋ।

### 36. P-EBT ਲਾਭਾਂ ਨਾਲ ਮੇਰੀਆਂ ਸਾਰੀਆਂ ਲਾਗਤਾਂ ਪੂਰੀਆਂ ਨਹੀਂ ਹੁੰਦੀਆਂ; ਮੈਨੂੰ ਹੋਰ ਸਹਾਇਤਾ ਦੀ ਲੋੜ ਹੈ। ਮੈਂ ਕਿਸ ਨਾਲ ਸੰਪਰਕ ਕਰਾਂ?

ਜੇ ਤੁਹਾਨੂੰ ਹੋਰ ਭੋਜਨ ਸਹਾਇਤਾ ਜਾਂ ਨਗਦ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ 877-501-2233 'ਤੇ ਲਾਭਾਂ ਲਈ ਅਪਲਾਈ ਕਰਨ ਵਾਸਤੇ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ ਨੂੰ ਕਾੱਲ ਕਰ ਸਕਦੇ ਹੋ ਜਾਂ www.washingtonconnection.org 'ਤੇ ਜਾਓ।

ਆਪਣੇ ਭਾਈਚਾਰੇ ਵਿੱਚ ਉਪਲਬਧ ਹੋਰ ਸ੍ਰੋਤਾਂ ਬਾਰੇ ਜਾਣਨ ਲਈ ਤੁਸੀਂ 877-211-9274 'ਤੇ ਵਾੱਸ਼ਿੰਗਟਨ ਇੰਫ਼ਰਮੇਸ਼ਨ ਨੈਟਵਰਕ (Washington Information Network) ਜਾਂ WIN211 ਨੂੰ ਵੀ ਕਾੱਲ ਕਰ ਸਕਦੇ ਹੋ।

### 37. ਕੀ ਇਸ ਸਮੇਂ ਕੋਈ ਹੋਰ ਭੋਜਨ ਲਾਭ ਉਪਲਬਧ ਹਨ?

- ਬੱਚਿਆਂ ਲਈ ਭੋਜਨ ਦੇਣ ਵਾਲੀਆਂ ਥਾਵਾਂ ਲੱਭਣ ਲਈ ਇਹ ਮੀਲ ਫ਼ਾਈਂਡਰ ਟੂਲ (meal finder tool) ਪਰਿਵਾਰਾਂ ਦੀ ਮਦਦ ਕਰ ਸਕਦਾ ਹੈ। ਇਹਨਾਂ ਭੋਜਨ ਸੇਵਾਵਾਂ ਵਿੱਚ ਹਿੱਸਾ ਲੈਣ ਵਾਲੇ ਹੱਕਦਾਰ ਬੱਚਿਆਂ ਨੂੰ P-EBT ਲਾਭ ਲੈਣ ਤੋਂ ਮਨ੍ਹਾ ਨਹੀਂ ਕੀਤਾ ਜਾਂਦਾ। ਆਪਣੇ ਇਲਾਕੇ ਵਿਚਲੀਆਂ ਮੁਫ਼ਤ ਭੋਜਨ ਦੀਆਂ ਥਾਵਾਂ ਬਾਰੇ ਜਾਣਨ ਲਈ ਆਪਣੀ ਸਥਾਨਕ ਸਕੂਲ ਡਿਸਟ੍ਰਿਕਟ ਨਾਲ ਸੰਪਰਕ ਕਰੋ। ਇਸ ਗੱਲ ਨੂੰ ਧਿਆਨ ਵਿੱਚ ਰੱਖੇ ਬਿਨਾ ਕਿ ਬੱਚੇ ਕਿਹੜੇ ਸਕੂਲ ਵਿੱਚ ਜਾਂਦੇ ਹਨ, ਭੋਜਨ ਵਾਲੇ ਇਹ ਪ੍ਰੋਗਰਾਮ 18 ਸਾਲ ਅਤੇ ਘੱਟ ਉਮਰ ਦੇ ਸਾਰੇ ਬੱਚਿਆਂ ਲਈ ਉਪਲਬਧ ਹਨ।
- ਬੁਨਿਆਦੀ ਭੋਜਨ ਲਾਭ ਲਈ ਅਪਲਾਈ ਕਰਨ ਵਾਸਤੇ ਤੁਸੀਂ www.washingtonconnection.org 'ਤੇ ਜਾ ਸਕਦੇ ਹੋ।
- ਜੇ ਤੁਹਾਡੇ ਛੋਟੇ ਬੱਚੇ ਹਨ, ਤਾਂ ਤੁਸੀਂ ਔਰਤਾਂ, ਛੋਟੇ ਬੱਚਿਆਂ ਅਤੇ ਬੱਚਿਆਂ ਜਾਂ WIC ਪ੍ਰੋਗਰਾਮ ਲਈ ਵੀ ਯੋਗ ਹੋ ਸਕਦੇ ਹੋ, ਇਹ ਪ੍ਰੋਗਰਾਮ 5 ਸਾਲ ਤੱਕ ਦੇ ਬੱਚਿਆਂ ਅਤੇ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਲਈ ਭੋਜਨ ਸਹਾਇਤਾ ਮੁਹੱਈਆ ਕਰਦਾ ਹੈ। https://www.doh.wa.gov/YouandYourFamily/WIC 'ਤੇ ਹੋਰ ਜਾਣਕਾਰੀ ਦਾ ਪਤਾ ਲਾਓ। ਜੇ ਤੁਹਾਨੂੰ ਧੋਖਾਧੜੀ ਦਾ ਸ਼ੱਕ ਹੈ, ਤਾਂ 800-562-6906 'ਤੇ ਵਾੱਸ਼ਿੰਗਟਨ ਸਟੇਟ ਵੈਲਫ਼ੇਅਰ ਫ਼੍ਰਾੱਡ ਹਾੱਟਲਾਈਨ (Washington State Welfare Fraud Hotline) ਨੂੰ ਕਾੱਲ ਕਰੋ।